# ਧੁਖਦੀਆਂ ਆਂਦਰਾਂ

G.1027

ਲੇਖਕ-

ਭਾਗ ਸਿੰਘ 'ਜੀਵਨ ਸਾਥੀ'

੧੯੪੩ ਮੂਲ ੩।।)

ਸਭ ਹੱਕ ਲੇਖਕ ਦੇ ਰਾਖਵੇਂ ਹਨ ।

## ਅੰਦਰ


| | | |
|---|---|---|
| ਪ੍ਰੀਤ-ਪੰਧ | ਸਫ਼ਾ | ੧ |
| ਸੱਧਰ | ,, | ੩੭ |
| ਪਰਖ | ,, | ੫੫ |
| ਧੁਖਦੀਆਂ ਆਂਦਰਾਂ | ,, | ੧੪੫ |


'ਗਿਆਨੀ ਪ੍ਰੈਸ' ਅੰਮ੍ਰਿਤਸਰ ਵਿਚ
ਸਰਦਾਰ ਸੰਤੋਖ ਸਿੰਘ ਪ੍ਰਿੰਟਰ ਦੇ
ਯਤਨ ਨਾਲ ਛਪੀਆਂ ।

## ਸਮਰਪਣ

ਆਪਣੇ ਪ੍ਰਮ ਮਿੱਤਰ ਗਿਆਨੀ ਰਤਨ ਸਿੰਘ ਜੀ 'ਢੋਗੀ' ਨੂੰ, ਜਿਨ੍ਹਾਂ ਦੀ ਪ੍ਰੇਰਨਾ ਨਾਲ ਲੇਖਣੀ-ਦੁਨੀਆਂ ਵਿਚ ਵਿਚਰਨ ਦਾ ਅਵਸਰ ਮਿਲਿਆ ।

'ਜੀਵਨ ਸਾਥੀ'

# ਇਹ ਕਿਉਂ ?

ਚੌਂਹ-ਨੈਣਾਂ ਦੇ ਕਟਾਖ ਨਾਲ ਸੀਨੇ ਪਿਆਰ ਦਾ ਅਨਰੁਕਵਾਂ ਨਾਚ ਨਚ ਜੋਵਨ ਮੰਡਲ ਵਿਚ ਨਚਣ ਲਗ ਪਿਆ ਜੀਵਨ-ਮੰਡਲ ਵਿਚ ਨਾਚ ਦੇ ਨਚਣ ਨਾਲ ਜਿਸ ਪ੍ਰੇਮ ਦੀ ਅਕਹਿ ਮਸਤੀ ਦਾ ਸਰੂਰ ਆਵੇ, ਓਥੇ ਇਕ ਚਾਨਣ ਚਮਕਿਆ। ਉਸ ਚਾਨਣੇ ਵਿਚ ਨਚੇ ਨਚ ਰਹੇ ਤੇ ਨਚਣ ਵਾਲੇ ਨਾਚ ਨੂੰ ਜਿਥੇ ਦਿਲ ਵਿਚ ਨਚਣਾ ਚੰਗਾ ਜਾਣਿਆ ਓਥੇ ਉਸ ਨਾਚ ਨੂੰ ਸਦਾ ਅਖੀਆਂ ਅਗੇ ਰਖਣ ਲਈ ਧੁਖਦੀਆਂ-ਆਂਦਰਾਂ ਦਾ ਰੂਪ ਦੇ ਕੇ ਉਸ ਨੂੰ ਪ੍ਰੀਤ ਪੰਧ ਸਧਰ ਤੇ ਪਰਖ ਦੀ ਪਿਉਂਦ ਚਾੜ੍ਹੀ।

ਇਹ ਨਾਚ ਉਗਮਨ ਸਾਰ ਖ਼ੁਸ਼ ਦਿਲ ਅੰਮ੍ਰਿਤਸਰ ਤੇ ਨਵਾਂ ਸੰਸਾਰ ਮੋਗਾ ਅਖ਼ਬਾਰ ਦੇ ਪੰਨਿਆਂ ਉਤੇ ਨਚਾਇਆ ਗਿਆ, ਪਰ ਮਿੱਤਰਾਂ ਦੇ ਵਧੇਰੇ ਜ਼ੋਰ ਦੇਣ ਪੁਰ ਕੇਵਲ ਪੁਸਤਕ ਦਾ ਰੂਪ ਹੀ ਨਹੀਂ ਦਿਤਾ ਗਿਆ ਸਗੋਂ ਨਾਚ ਵਿਚ ਨਵੇਂ ਲਹੂ ਦਾ ਸੰਚਾਰ ਕੀਤਾ ਗਿਆ ਏ।

ਇਹ ਮੇਰਾ ਨਾਚ ਪੁਸਤਕ ਦੇ ਰੂਪ ਵਿਚ ਓਵੇਂ ਹੀ ਨਵਾਂ ਨਿਕੋਰ ਏ, ਜਿਵੇਂ ਊਸ਼ਾ ਦੀ ਲਾਲੀ ਅਰ ਹੈ ਭੀ ਤਾਲੋਂ ਬੇਤਾਲ। ਪਰ ਇਹ ਨਾਚ ਹੈ ਮੇਰਾ ਆਪਣਾ, ਇਸ ਦਾ ਕੋਈ ਤਾਲ ਭੀ ਕਿਸੇ ਪਾਸੋਂ ਨਹੀਂ ਚੁਰਾਇਆ ਗਿਆ।

ਰਿਹਾ ਕਹਾਣੀ ਹੁਨਰ, ਉਹ ਭੀ ਮੇਰਾ ਉਸੇ ਤਰ੍ਹਾਂ ਦਾ ਆਪਣਾ ਢੱਬ ਏ, ਜਿਵੇਂ ਇਸ ਦੇ ਖਿਆਲ, ਵੇਗ ਤੇ ਪਲਾਟ ਏ। ਹਾਂ, ਇਹ ਜਤਨ ਜ਼ਰੂਰ ਕੀਤਾ ਗਿਆ ਏ ਕਿ ਨਵੇਂ ਪੁਰਾਣੇ ਜੀਵਨ ਦਾ ਰੰਗ ਦਰਸਾ ਕੇ ਦੋਹਾਂ ਦਾ ਉਹ ਜੀਵਨ ਲਿਆਂਦਾ ਜਾਏ, ਜਿਸ ਦੇ ਜਾਣਨ ਤੇ ਮਾਨਣ ਨਾਲ ਅਸੀਂ ਸਾਰੇ ਇਕ ਸਾਹ ਵਿਚ ਰਹਿ ਸਕੀਏ ਅਰ ਇਸ ਦੇ ਨਾਲ ਅੰਦਰੂਨੀ ਜੀਵਨ ਜਾਨਣ ਦਾ ਰੰਗ ਚੜ੍ਹਾ ਕੇ ਪਿੱਤਲ ਦੀ ਚਾਤਰ ਚਮਕ ਅੱਗੇ ਖਾਲਸ ਸੋਨੇ ਨੂੰ ਗਲੀਆਂ ਵਿਚ ਰੋਲਨੋਂ ਬਚਾਉਣ ਦਾ ਜਤਨ ਏ। 'ਜੀਵਨ ਸਾਥੀ'

# ਪ੍ਰੀਤ-ਪੰਧ

## ੧.

ਸੁਰਇੰਦਰ ਨੇ ਹਰਇੰਦਰ ਦੇ ਪਿਆਰ ਵਿਚ ਦੀਵਾਨਾ ਬਣ ਕੇ ਜ਼ਿੰਦਗੀ ਦੀ ਸਾਰੀ ਪੂੰਜੀ ਅਰਪਨ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਰਗ, ਰਗ, ਰੋਮ, ਰੋਮ ਹਰਇੰਦਰ ਦੇ ਪਿਆਰ ਦੀਆਂ ਕੁਤਕਤਾੜੀਆਂ ਨਾਲ ਇਉਂ ਮਹਿਕੇ ਜਿਵੇਂ ਬਾਗ ਵਿਚ ਪਬ ਰਖਦਿਆਂ ਗੁਲਾਬ, ਮੋਤੀਏ ਦੇ ਫੁੱਲਾਂ ਦੀ ਸੁਗੰਧੀ ਤੇ ਮਾਘ, ਫਗਣ ਵਿਚ ਸਰੋਂ, ਕਣਕ ਛੋਲਿਆਂ ਦੇ ਬਰੂਟਿਆਂ ਉਤੇ ਲਹਿਰਾਉਂਦੀ ਹੋਈ ਮਹਿਕ ਖਿਲਾਰ ਰਹੀ ਹੁੰਦੀ ਹੈ। ਦਿਲ ਵਿਚ ਹਰ ਸਮੇਂ ਹਰਇੰਦਰ ਦੀ ਯਾਦ ਦੀ ਧੁੰਨ ਹੀ ਵਜਾਈ ਰਖਦਾ। ਨਹੀਂ! ਨਹੀਂ!! ਨਿਰੇ ਦਿਲ ਅੰਦਰ ਹੀ ਹਰਿੰਦਰ ਦੇ ਪਿਆਰ ਦੇ ਸੋਹਲੇ ਨਹੀਂ ਗਾਉਂਦਾ। ਅੱਖੀਆਂ ਅਗੇ ਭੀ ਹਰਿੰਦਰ ਦੀ ਮਿੱਠ-ਭਿੰਨੜੀ ਸੂਰਤ ਰਚਾ ਕੇ ਪਿਆਰ ਦੀ ਮਸਤੀ ਵਿਚ ਝੂਮਦਾ ਹੋਇਆ ਇਉਂ ਗਾਉਣ ਲਗ ਜਾਂਦਾ।

ਚੰਨ ਚੌਧਵੀਂ ਨੂੰ ਲਿਸ਼ਕਾਂ ਮਾਰੇ,
ਸਾਗਰ ਆਪਣਾ ਆਪ ਉਭਾਰੇ,
ਕਰਨ ਕਲੋਲਾਂ ਰਲ ਮਿਲ ਤਾਰੇ,

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.